ਮਿੱਠੇ ਬੱਚੇ:- "ਮਿੱਠੇ ਬੱਚੇ ਬਾਪ, ਟੀਚਰ ਅਤੇ ਸਤਿਗੁਰੂ ਇਹ ਤਿੰਨ ਅੱਖਰ ਯਾਦ ਕਰੋ ਤਾਂ ਅਨੇਕ ਸਿਫਤਾਂ (ਵਿਸ਼ੇਸ਼ਤਾਵਾਂ) ਆ ਜਾਣਗੀਆਂ"

ਪ੍ਰਸ਼ਨ:- ਕਿਹੜੇ ਬੱਚਿਆਂ ਦੇ ਹਰ ਕਦਮ ਵਿੱਚ ਪਦਮਾਂ ਦੀ ਕਮਾਈ ਜਮਾਂ ਹੁੰਦੀ ਰਹਿੰਦੀ ਹੈ?

ਉੱਤਰ:- ਜਿਹੜੇ ਆਪਣਾ ਹਰ ਕਦਮ ਸਰਵਿਸ ਵਿੱਚ ਵਧਾਉਂਦੇ ਰਹਿੰਦੇ ਹਨ, ਉਹ ਪਦਮਾ ਦੀ ਕਮਾਈ ਜਮਾਂ ਕਰਦੇ ਹਨ। ਜੇਕਰ ਬਾਪ ਦੀ ਸਰਵਿਸ ਵਿੱਚ ਕਦਮ ਨਹੀਂ ਚੁੱਕਣਗੇ ਤਾਂ ਪਦਮ ਕਿਵੇਂ ਪਾਉਣਗੇ। ਸਰਵਿਸ ਹੀ ਕਦਮ ਦੇ ਵਿੱਚ ਪਦਮ ਦਿੰਦੀ ਹੈ, ਇਸ ਨਾਲ ਹੀ ਪਦਮਾਪਦਮਪਤੀ ਬਣਦੇ ਹੋ।

ਪ੍ਰਸ਼ਨ :- ਕਿਹੜੇ ਰਾਜ ਨੂੰ ਜਾਣਨ ਦੇ ਕਾਰਣ ਤੁਸੀਂ ਬੱਚੇ ਸਾਰਿਆਂ ਦੇ ਕਲਿਆਣਕਾਰੀ ਬਣਦੇ ਹੋ?

ਉੱਤਰ :- ਬਾਬਾ ਨੇ ਸਾਨੂੰ ਬੱਚਿਆਂ ਨੂੰ ਇਹ ਰਾਜ਼ ਸਮਝਾਇਆ ਹੈ ਕਿ ਸਾਰਿਆਂ ਦੀ ਇਹ ਇੱਕ ਹੀ ਹੱਟੀ ਹੈ, ਇੱਥੇ ਸਾਰਿਆਂ ਨੂੰ ਆਉਣਾ ਹੀ ਹੈ। ਇਹ ਬਹੁਤ ਗੁਪਤ ਰਾਜ਼ ਹਨ। ਇਹ ਰਾਜ਼ ਨੂੰ ਜਾਣਨ ਵਾਲੇ ਹੀ ਸਭਦੇ ਕਲਿਆਣਕਾਰੀ ਬਣਦੇ ਹਨ।

ਓਮ ਸ਼ਾਂਤੀ। ਰੂਹਾਨੀ ਬਾਪ ਦੇ ਰੂਹਾਨੀ ਬੱਚੇ ਇਹ ਤਾਂ ਹਰ ਇੱਕ ਜਾਣਦੇ ਹੋਣਗੇ ਕਿ ਬਾਬਾ ਸਾਡਾ ਬਾਪ ਵੀ ਹੈ, ਟੀਚਰ ਵੀ ਹੈ, ਅਤੇ ਸਤਿਗੁਰੂ ਵੀ ਹੈ। ਬੱਚੇ ਜਾਣਦੇ ਹਨ, ਜਾਣਦੇ ਹੋਇਆਂ ਵੀ ਘੜੀ - ਘੜੀ ਭੁੱਲ ਜਾਂਦੇ ਹਨ। ਇੱਥੇ ਜੋ ਬੈਠੇ ਹਨ, ਉਹ ਜਾਣਦੇ ਤਾਂ ਹੋਣਗੇ ਨਾ ਪਰ ਭੁੱਲ ਜਾਂਦੇ ਹਨ। ਦੁਨੀਆਂ ਵਾਲੇ ਤਾਂ ਬਿਲਕੁੱਲ ਨਹੀਂ ਜਾਣਦੇ। ਬਾਪ ਕਹਿੰਦੇ ਹਨ ਇਹ ਤਿੰਨ ਅੱਖਰ ਵੀ ਯਾਦ ਰਹੇ ਤਾਂ ਬਹੁਤ ਸਰਵਿਸ ਕਰ ਸਕਦੇ ਹਨ। ਪ੍ਰਦਰਸ਼ਨੀ ਅਤੇ ਮਿਊਜ਼ੀਅਮ ਵਿੱਚ ਤੁਹਾਡੇ ਕੋਲ ਬਹੁਤ ਆਉਂਦੇ ਹਨ, ਘਰ ਵਿੱਚ ਵੀ ਮਿੱਤਰ ਸੰਬੰਧੀ ਆਦਿ ਬਹੁਤ ਆਉਂਦੇ ਹਨ। ਕੋਈ ਵੀ ਆਵੇ ਤਾਂ ਸਮਝਾਉਣਾ ਚਾਹੀਦਾ ਹੈ ਕਿ ਜਿਸ ਨੂੰ ਭਗਵਾਨ ਕਿਹਾ ਜਾਂਦਾ ਹੈ ਉਹ ਬਾਬਾ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਇਹ ਯਾਦ ਹੋਵੇ ਤਾਂ ਵੀ ਠੀਕ ਹੈ, ਹੋਰ ਕਿਸੇ ਦੀ ਯਾਦ ਨਾ ਆਵੇ। ਹੋਰ ਕੋਈ ਇਵੇਂ ਕਹਿ ਨਾ ਸਕੇ। ਤੁਸੀਂ ਬੱਚੇ ਜਾਣਦੇ ਹੋ ਬਾਬਾ ਸਾਡਾ ਬਾਪ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਕਿੰਨਾ ਸਹਿਜ ਹੈ। ਪਰ ਕਿਸੇ - ਕਿਸੇ ਦੀ ਤਾਂ ਇੰਨੀ ਪੱਥਰ ਬੁੱਧੀ ਹੈ ਕਿ ਇਹ 3 ਅੱਖਰ ਵੀ ਬੁੱਧੀ ਵਿੱਚ ਧਾਰਨ ਨਹੀਂ ਕਰ ਸਕਦੇ, ਭੁੱਲ ਜਾਂਦੇ ਹਨ। ਬਾਬਾ ਸਾਨੂੰ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ ਕਿਉਂਕਿ ਬੇਹੱਦ ਦਾ ਬਾਪ ਹੈ ਨਾ। ਬੇਹੱਦ ਦਾ ਬਾਪ ਹੈ ਤਾਂ ਜ਼ਰੂਰ ਬੇਹੱਦ ਦਾ ਵਰਸਾ ਹੀ ਦੇਵੇਗਾ। ਬੇਹੱਦ ਦਾ ਵਰਸਾ ਹੈ ਦੇਵਤਾਵਾਂ ਦੇ ਕੋਲ਼। ਇਤਨਾ ਸਿਰਫ਼ ਯਾਦ ਕਰੋ ਤਾਂ ਘਰ ਬੈਠੇ ਵੀ ਬਹੁਤ ਸਰਵਿਸ ਕਰ ਸਕਦੇ ਹਾਂ। ਪਰ ਇਹ ਵੀ ਭੁੱਲ ਜਾਣ ਕਰਕੇ ਕਿਸੇ ਨੂੰ ਦੱਸ ਨਹੀਂ ਸਕਦੇ। ਘੜੀ - ਘੜੀ ਭੁੱਲ ਜਾਂਦੇ ਹਾਂ ਕਿਉਂਕਿ ਸਾਰੇ ਕਲਪ ਦੇ ਭੁੱਲੇ ਹੋਏ ਹਾਂ। ਹੁਣ ਬਾਪ ਬੈਠ ਸਮਝਾਉਂਦੇ ਹਨ। ਅਸਲ ਵਿੱਚ ਇਹ ਗਿਆਨ ਬਹੁਤ ਸਿੰਪਲ ਹੈ , ਬਾਕੀ ਯਾਦ ਦੀ ਯਾਤਰਾ ਨਾਲ ਸੰਪੂਰਨ ਬਣਨਾ ਹੈ, ਇਸ ਵਿੱਚ ਮਿਹਨਤ ਹੈ। ਬਾਬਾ ਸਾਡਾ ਬਾਪ ਵੀ ਹੈ, ਸਿੱਖਿਆ ਵੀ ਦਿੰਦੇ ਹਨ, ਵਰਸਾ ਵੀ ਦਿੰਦੇ ਹਨ, ਪਵਿੱਤਰ ਵੀ ਬਣਾਉਂਦੇ ਹਨ ਕਿਉਂਕਿ ਪਤਿਤ - ਪਾਵਨ ਬਾਪ ਹੈ, ਸਿਰਫ਼ ਕਹਿੰਦੇ ਹਨ ਕਿ ਸਭ ਨੂੰ ਇਹ ਹੀ ਕਹੋ ਕਿ ਮੈਨੂੰ ਯਾਦ ਕਰੋ। ਬਾਬਾ ਦੀ ਸਰਵਿਸ ਵਿੱਚ ਜਰਾ ਵੀ ਕਦਮ ਨਹੀਂ ਚੁੱਕਿਆ ਤਾਂ ਉਹ ਫੇਰ ਪਦਮ ਕਿਵੇਂ ਪਾਉਣਗੇ! ਪਦਮਪਤੀ ਤਾਂ ਸਰਵਿਸ ਨਾਲ ਹੀ ਬਣ ਸਕਦੇ ਹਨ। ਸਰਵਿਸ ਹੀ ਕਦਮ ਵਿੱਚ ਪਦਮ ਲੈ ਆਉਂਦੀ ਹੈ। ਸਰਵਿਸ ਲਈ ਬੱਚੇ ਕਿੱਥੇ - ਕਿੱਥੇ ਭੱਜਦੇ ਰਹਿੰਦੇ ਹਨ। ਕਿੰਨੇ ਕਦਮ ਚੁੱਕੇ ਜਾਂਦੇ ਹਨ। ਪਦਮ ਤਾਂ ਉਨ੍ਹਾਂ ਨੂੰ ਹੀ ਮਿਲਣਗੇ ਨਾ। ਇਹ ਵੀ ਬੁੱਧੀ ਕਹਿੰਦੀ ਹੈ ਪਹਿਲਾਂ ਸ਼ੂਦਰ ਨੂੰ ਬ੍ਰਾਹਮਣ ਬਣਾਉਣਾ ਪਵੇ। ਬ੍ਰਾਹਮਣ ਹੀ ਨਹੀਂ ਬਣਾਉਣਗੇ ਤਾਂ ਕੀ ਬਣਨਗੇ! ਸਰਵਿਸ ਤਾਂ ਚਾਹੀਦੀ ਹੈ ਨਾ। ਬੱਚਿਆਂ ਨੂੰ ਸਮਾਚਾਰ ਵੀ ਇਸਲਈ ਸੁਣਾਇਆ ਜਾਂਦਾ ਹੈ ਕਿ ਟੈਮ੍ਪਟੇਸ਼ਨ ਹੋਵੇ। ਸਰਵਿਸ ਤੋਂ ਹੀ ਪਦਮ ਮਿਲੇ ਹਨ। ਸਿਰਫ਼ ਇੱਕ ਗੱਲ ਹੀ ਸੁਣਾਓ ਜਿਹੜੀ ਦੁਨੀਆ ਵਿੱਚ ਕੋਈ ਨਹੀਂ ਜਾਣਦੇ। ਬੇਹੱਦ ਦਾ ਬਾਪ, ਬਾਪ ਹੈ। ਪਰ ਬਾਪ ਦਾ ਕਿਸੇ ਨੂੰ ਪਤਾ ਨਹੀਂ ਹੈ। ਸਿਰਫ਼ ਇਵੇਂ ਹੀ ਗੋਡ ਫਾਦਰ ਕਹਿੰਦੇ ਰਹਿੰਦੇ ਹਨ। ਉਹ ਟੀਚਰ ਹੈ- ਇਹ ਤਾਂ ਕਿਸੇ ਦੀ ਬੁੱਧੀ ਵਿੱਚ ਨਹੀਂ ਹੋਵੇਗਾ। ਸਟੂਡੈਂਟ ਦੀ ਬੁੱਧੀ ਵਿੱਚ ਹਮੇਸ਼ਾ ਟੀਚਰ ਯਾਦ ਰਹਿੰਦਾ ਹੈ, ਜਿਹੜੇ ਚੰਗੀ ਤਰ੍ਹਾਂ ਨਹੀਂ ਪੜ੍ਹਦੇ ਹਨ ਉਹਨਾਂ ਨੂੰ ਅਨਪੜ੍ਹ ਕਿਹਾ ਜਾਂਦਾ ਹੈ। ਬਾਬਾ ਕਹਿੰਦੇ ਹਨ ਹਰਜਾ ਨਹੀਂ ਹੈ। ਤੁਸੀਂ ਕੁਝ ਵੀ ਨਾ ਪੜ੍ਹੇ ਹੋਏ ਹੋ ਇਹ ਤਾਂ ਸਮਝ ਸਕਦੇ ਹੋ ਨਾ ਕਿ ਅਸੀਂ ਭਰਾ - ਭਰਾ ਹਾਂ। ਸਾਡਾ ਬਾਪ ਬੇਹੱਦ ਦਾ ਹੈ। ਬਾਪ ਆਉਂਦੇ ਹੀ ਹਨ ਇੱਕ ਧਰਮ ਦੀ ਸਥਾਪਨਾ ਕਰਨ, ਬ੍ਰਹਮਾ ਦੁਆਰਾ ਕਰਦੇ ਹਨ। ਪਰ ਲੋਕ ਕੁਝ ਵੀ ਨਹੀਂ ਸਮਝਦੇ ਹਨ। ਈਸ਼ਵਰ ਜੇਕਰ ਕਦੀ ਆਇਆ ਨਹੀਂ ਹੁੰਦਾ ਤਾਂ ਫੇਰ ਉਸ ਨੂੰ ਬੁਲਾਉਂਦੇ ਹੀ ਕਿਓਂ ਹਨ ਹੇ ਲਿਬਰੇਟਰ ਆਓ, ਹੇ ਪਤਿਤ ਪਾਵਨ ਆਓ। ਜੇ ਪਤਿਤ ਪਾਵਨ ਨੂੰ ਯਾਦ ਕਰਦੇ ਹਨ ਤਾਂ ਸ਼ਾਸਤਰ ਕਿਓਂ ਪੜ੍ਹਦੇ ਹਨ? ਤੀਰਥਾਂ ਤੇ ਕਿਓਂ ਜਾਂਦੇ ਹਨ? ਉਥੇ ਬੈਠਾ ਹੈ ਕੀ? ਕੋਈ ਜਾਣਦੇ ਹੀ ਨਹੀਂ ਜਦਕਿ ਪਤਿਤ ਪਾਵਨ ਈਸ਼ਵਰ ਹੈ ਤਾਂ ਗੰਗਾਂ ਇਸ਼ਨਾਨ ਆਦਿ ਨਾਲ ਕੋਈ ਪਾਵਨ ਹੋ ਨਾ ਸਕੇ। ਸ੍ਵਰਗ ਵਿੱਚ ਤਾਂ ਕੋਈ ਜਾ ਕਿਵੇਂ ਸਕਦਾ ਹੈ, ਜਨਮ ਤਾਂ ਇੱਥੇ ਹੀ ਲੈਣਾ ਹੈ। ਨਵੀਂ ਤੇ ਪੁਰਾਣੀ ਦੁਨੀਆ ਵਿੱਚ ਫ਼ਰਕ ਤਾਂ ਹੈ ਨਾ। ਇਸ ਨੂੰ ਸਤਿਯੁੱਗ ਥੋੜੀ ਕਹਾਂਗੇ। ਹੁਣ ਤਾਂ ਕਲਯੁੱਗ ਹੈ ਨਾ। ਮਨੁੱਖਾਂ ਦੀ ਤਾਂ ਬਿਲਕੁਲ ਪੱਥਰ ਬੁੱਧੀ ਹੈ। ਜਿੱਥੇ ਥੋੜਾ ਸੁੱਖ ਵੇਖਦੇ ਹਨ ਸ੍ਵਰਗ ਸਮਝ ਲੈਂਦੇ ਹਨ। ਇਹ ਬਾਪ ਹੀ ਸਮਝਾਉਂਦੇ ਹਨ, ਬਾਪ ਕੋਈ ਗਾਲੀ ਨਹੀਂ ਦਿੰਦੇ ਹਨ। ਬਾਪ ਸਿੱਖਿਆ ਵੀ ਦਿੰਦੇ ਹਨ, ਸਭ ਨੂੰ ਸਦਗਤੀ ਵੀ ਦਿੰਦੇ ਹਨ। ਭਗਵਾਨ ਬਾਪ ਹੈ ਤਾਂ ਬਾਪ ਕੋਲ਼ੋਂ ਕੁਝ ਮਿਲਣਾ ਚਾਹੀਦਾ ਹੈ। ਬਾਬਾ ਸ਼ਬਦ ਵੀ ਇਵੇਂ ਦਾ ਹੈ ਕਿ ਉਸ ਕੋਲ਼ੋਂ ਵਰਸੇ ਦੀ ਖੁਸ਼ਬੂ

ਜ਼ਰੂਰ ਆਉਂਦੀ ਹੈ। ਹੋਰ ਭਾਵੇਂ ਕਿੰਨਾ ਵੀ ਕਾਕਾ, ਮਾਮਾ ਆਦਿ ਹੋਵੇ ਪਰ ਵਰਸੇ ਦੀ ਖਸ਼ਬੂ ਨਹੀਂ ਆਉਂਦੀ। ਅੰਤਰਮੁੱਖੀ ਹੋ ਵਿਚਾਰ ਕਰਨਾ ਹੈ ਕਿ ਬਾਪ ਠੀਕ ਕਹਿੰਦੇ ਹਨ। ਗੁਰੂ ਦੇ ਕੋਲ਼ ਕੋਈ ਜਾਇਦਾਦ ਹੁੰਦੀ ਨਹੀਂ। ਉਹ ਤਾਂ ਆਪੇ ਹੀ ਘਰ ਬਾਰ ਛੱਡਦੇ ਹਨ। ਤੁਸੀਂ ਸੰਨਿਆਸ ਕੀਤਾ ਹੈ ਵਿਕਾਰਾਂ ਦਾ। ਉਹ ਤਾਂ ਕਹਿ ਦਿੰਦੇ ਹਨ ਅਸੀਂ ਘਰ ਬਾਰ ਛੱਡਿਆ, ਤੁਸੀਂ ਕਹਿੰਦੇ ਹੋ ਕਿ ਅਸੀਂ ਸਾਰੀ ਦੁਨੀਆਂ ਦੇ ਵਿਕਾਰਾਂ ਦਾ ਸੰਨਿਆਸ ਕਰਦੇ ਹਾਂ। ਨਵੀਂ ਦੁਨੀਆਂ ਵਿੱਚ ਜਾਣਾ ਕਿੰਨਾ ਸਹਿਜ ਹੈ। ਅਸੀਂ ਸੰਨਿਆਸ ਕਰਦੇ ਹਾਂ ਸਾਰੀ ਪੁਰਾਣੀ ਸ੍ਰਿਸ਼ਟੀ, ਤਮੋਪ੍ਰਧਾਨ ਦੁਨੀਆ ਦਾ। ਸਤਿਯੁਗ ਹੈ ਨਵੀਂ ਦੁਨੀਆਂ। ਇਹ ਵੀ ਜਾਣਦੇ ਹੋ ਕਿ ਨਵੀਂ ਦੁਨੀਆ ਸੀ ਜ਼ਰੂਰ। ਸਭ ਗਾਉਂਦੇ ਹਨ। ਸ੍ਵਰਗ ਕਿਹਾ ਹੀ ਜਾਂਦਾ ਹੈ ਨਵੀਂ ਦੁਨੀਆਂ ਨੂੰ। ਪਰ ਉਹ ਲੋਕ ਸਿਰਫ਼ ਕਹਿਣ ਮਾਤਰ ਕਹਿ ਦਿੰਦੇ ਹਨ, ਸਮਝ ਕੁਝ ਵੀ ਨਹੀਂ। ਤਾਂ ਬਾਪ ਬੱਚਿਆਂ ਨੂੰ ਕਹਿੰਦੇ ਹਨ ਸਿਰਫ਼ ਇਹ ਵਿਚਾਰ ਕਰੋ - ਬਾਬਾ ਸਾਡਾ ਬਾਪ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਸਭ ਨੂੰ ਲੈ ਜਾਵੇਗਾ। ਅੱਖਰ ਹੀ ਦੋ ਹਨ - ਮਨਮਨਾਭਵ, ਇਸ ਵਿੱਚ ਸਭ ਆ ਜਾਂਦਾ ਹੈ, ਪਰ ਇਹ ਵੀ ਭੁੱਲ ਜਾਂਦੇ ਹਨ। ਪਤਾ ਨਹੀਂ ਬੁੱਧੀ ਵਿੱਚ ਕੀ - ਕੀ ਯਾਦ ਰਹਿੰਦਾ ਹੈ। ਨਹੀਂ ਤਾਂ ਰੋਜ਼ ਲਿਖ ਕੇ ਦਿਓ ਕਿ ਇਤਨਾ ਵਕਤ ਅਸੀਂ ਕਿਸ ਅਵੱਸਥਾ ਵਿੱਚ ਬੈਠੇ ਸੀ? ਤੁਸੀਂ ਬੈਠੇ ਹੋ ਬਾਪ, ਟੀਚਰ, ਸਤਿਗੁਰੂ ਦੇ ਸਾਹਮਣੇ ਤੇ ਉਹੀ ਯਾਦ ਆਉਣਾ ਚਾਹੀਦਾ ਹੈ ਨਾ। ਸਟੂਡੈਂਟ ਨੂੰ ਟੀਚਰ ਹੀ ਯਾਦ ਆਵੇਗਾ ਨਾ ਪਰ ਇੱਥੇ ਮਾਇਆ ਹੈ ਨਾ। ਇੱਕਦਮ ਮੱਥਾ ਹੀ ਮੋੜ ਦਿੰਦੀ ਹੈ। ਸਾਰਾ ਰਾਜਭਾਗ ਹੀ ਲੈ ਲੈਂਦੀ ਹੈ। ਤੁਹਾਨੂੰ ਪਤਾ ਹੀ ਨਹੀਂ ਲਗਦਾ। ਆਏ ਤਾਂ ਸੀ ਵਰਸਾ ਲੈਣ ਮਿਲਦਾ ਕੁਝ ਵੀ ਨਹੀਂ। ਇਵੇਂ ਹੀ ਕਹਾਂਗੇ ਨਾ। ਭਾਵੇਂ ਸ੍ਵਰਗ ਵਿੱਚ ਤਾਂ ਜਾਣਗੇ, ਪਰ ਉਹ ਕੋਈ ਵੱਡੀ ਗੱਲ ਥੋੜੀ ਹੈ। ਇੱਥੇ ਆਉਣ ਭਾਵੇਂ ਪੜ੍ਹੇ ਨਹੀਂ, ਫੇਰ ਸ੍ਵਰਗ ਵਿੱਚ ਤਾਂ ਜਾਣਗੇ ਨਾ। ਇੱਥੇ ਤਾਂ ਬੈਠੇ ਹੈ ਨਾ। ਸਮਝਦੇ ਹਨ ਕਿ ਸ੍ਵਰਗ ਵਿੱਚ ਜਾਣਾ ਹੈ, ਫੇਰ ਕੁਝ ਵੀ ਬਣਨ। ਉਹ ਤਾਂ ਪੜ੍ਹਾਈ ਨਹੀਂ ਹੋਈ ਨਾ। ਥੋੜਾ ਵੀ ਸੁਣਿਆ ਤਾਂ ਉਸਦਾ ਫ਼ਲ ਮਿਲ ਜਾਂਦਾ ਹੈ। ਪੜ੍ਹਾਈ ਨਾਲ ਤਾਂ ਵੱਡਾ ਵਜ਼ੀਫਾ ਮਿਲਦਾ ਹੈ। ਬਾਪ ਕੋਲੋਂ ਉੱਚੇ ਤੋਂ ਉੱਚਾ ਪੱਦ ਪਾਉਣਾ ਹੈ ਤਾਂ ਪੁਰਸ਼ਾਰਥ ਕਰਨਾ ਪਵੇ। ਪੜ੍ਹਾਈ ਯਾਦ ਹੋਵੇਗੀ ਤਾਂ 84 ਦਾ ਚੱਕਰ ਵੀ ਯਾਦ ਆ ਜਾਵੇਗਾ। ਇੱਥੇ ਬੈਠਣ ਨਾਲ ਸਭ ਯਾਦ ਆਉਣਾ ਚਾਹੀਦਾ ਹੈ। ਪਰ ਇਹ ਵੀ ਯਾਦ ਨਹੀਂ ਆਉਂਦਾ ਹੈ। ਜੇਕਰ ਯਾਦ ਆਵੇ ਤਾਂ ਕਿਸੇ ਨੂੰ ਸੁਣਾਉਣ ਵੀ। ਚਿੱਤਰ ਤਾਂ ਸਭ ਦੇ ਕੋਲ਼ ਹਨ। ਸ਼ਿਵ ਦੇ ਚਿੱਤਰ ਤੇ ਤੁਸੀਂ ਕਿਸੇ ਨੂੰ ਸੁਣਾਓਗੇ ਤਾਂ ਕਦੀ ਗੁੱਸਾ ਨਹੀਂ ਕਰਣਗੇ। ਬੋਲੋ, ਆਓ ਅਸੀਂ ਤੁਹਾਨੂੰ ਦੱਸੀਏ ਕਿ ਇਹ ਸ਼ਿਵ ਬੇਹੱਦ ਦਾ ਬਾਪ ਹੈ ਨਾ। ਇਸਦੇ ਨਾਲ ਤੁਹਾਡਾ ਕੀ ਸੰਬੰਧ ਹੈ? ਇਵੇਂ ਫ਼ਾਲਤੂ ਚਿੱਤਰ ਤਾਂ ਹੋਣਗੇ ਨਹੀਂ। ਸ਼ਿਵ ਵਾਸਤੇ ਤਾਂ ਜ਼ਰੂਰ ਕਹਿਣਗੇ ਇਹ ਭਗਵਾਨ ਹੈ, ਭਗਵਾਨ ਤਾਂ ਨਿਰਾਕਾਰ ਹੀ ਹੁੰਦਾਂ ਹੈ ਨਾ। ਉਸ ਨੂੰ ਬਾਪ ਕਿਹਾ ਜਾਂਦਾ ਹੈ। ਉਹ ਸਿੱਖਿਆ ਵੀ ਦਿੰਦੇ ਹਨ। ਤੁਹਾਡੀ ਆਤਮਾ ਸਿੱਖਿਆ ਲੈਂਦੀ ਹੈ। ਆਤਮਾ ਹੀ ਸਭ ਕੁਝ ਕਰਦੀ ਹੈ। ਟੀਚਰ ਵੀ ਆਤਮਾ ਬਣਦੀ ਹੈ। ਬਾਪ ਵੀ ਇਸ ਰੱਥ ਤੇ ਆਕੇ ਪੜ੍ਹਾਉਂਦੇ ਹਨ। ਸਤਿਯੁਗ ਦੀ ਸਥਾਪਨਾ ਕਰਦੇ ਹਨ। ਉਥੇ ਕਲਯੁੱਗ ਦਾ ਨਾਮ ਨਿਸ਼ਾਨ ਹੀ ਨਹੀਂ। ਮਨੁੱਖ ਕਿੱਥੋਂ ਆਉਣਗੇ। ਸਰਵਿਸੇਬਲ ਬੱਚਿਆਂ ਨੂੰ ਸਾਰਾ ਦਿਨ ਖ਼ਿਆਲ ਚਲਦੇ ਰਹਿੰਦੇ ਹਨ। ਸਰਵਿਸ ਨਹੀਂ ਕਰਦੇ ਤਾਂ ਸਮਝਿਆ ਜਾਂਦਾ ਹੈ ਬੁੱਧੀ ਹੀ ਨਹੀਂ ਚਲਦੀ। ਜਿਵੇਂ ਬੁੱਧੂ ਬੈਠੇ ਹੋਣ। ਬਾਪ ਨੂੰ ਸਮਝ ਨਹੀਂ ਸਕਦੇ। ਪਤਿਤ ਪਾਵਨ ਬਾਪ ਨੂੰ ਯਾਦ ਕਰਨ ਨਾਲ ਹੀ ਵਰਸਾ ਮਿਲੇਗਾ। ਯਾਦ ਕਰਦੇ - ਕਰਦੇ ਮਰਾਂਗੇ ਤਾਂ ਬਾਪ ਦੀ ਸਭ ਮਲਕੀਅਤ ਮਿਲੇਗੀ। ਬੇਹੱਦ ਦੇ ਬਾਪ ਦੀ ਮਲਕੀਅਤ ਹੈ ਸ੍ਵਰਗ।

ਬੱਚਿਆਂ ਦੇ ਕੋਲ਼ ਬੈਜ਼ ਵੀ ਹਨ, ਘਰ ਵਿੱਚ ਮਿੱਤਰ - ਸਬੰਧੀ ਆਦਿ ਤੇ ਬਹੁਤ ਆਉਂਦੇ ਹਨ। ਕੋਈ ਮਰਦਾ ਹੈ ਤਾਂ ਵੀ ਬਹੁਤ ਆਉਂਦੇ ਹਨ। ਉਹਨਾਂ ਦੀ ਵੀ ਤੁਸੀਂ ਬਹੁਤ ਚੰਗੀ ਸਰਵਿਸ ਕਰ ਸਕਦੇ ਹੋ। ਸ਼ਿਵ ਬਾਬਾ ਦਾ ਚਿੱਤਰ ਤਾਂ ਬਹੁਤ ਚੰਗਾ ਹੈ। ਭਾਵੇਂ ਵੱਡਾ ਹੀ ਰੱਖ ਦੋ, ਇਸ ਵਿੱਚ ਕੋਈ ਕੁਝ ਕਹਿਣਗੇ ਨਹੀਂ। ਇਵੇਂ ਕਹਿਣਗੇ ਨਹੀਂ ਕਿ ਇਹ ਬ੍ਰਹਮਾ ਹੈ। ਇਹ ਗੁਪਤ ਹੈ। ਤੁਸੀਂ ਗੁਪਤ ਵੀ ਸਮਝਾ ਸਕਦੇ ਹੋ। ਸਿਰਫ਼ ਸ਼ਿਵ ਬਾਬਾ ਦਾ ਚਿੱਤਰ ਰੱਖੋ ਹੋਰ ਸਭ ਚਿੱਤਰ ਚੁੱਕ ਦੇਵੋ। ਇਹ ਸ਼ਿਵਬਾਬਾ ਬਾਪ, ਟੀਚਰ, ਸਤਿਗੁਰੂ ਹੈ। ਇਹ ਆਉਂਦੇ ਹਨ ਨਵੀਂ ਦੁਨੀਆਂ ਦੀ ਸਥਾਪਨਾ ਕਰਨ ਤੇ ਸੰਗਮ ਤੇ ਹੀ ਆਉਂਦੇ ਹਨ। ਇਹ ਗਿਆਨ ਤਾਂ ਬੁੱਧੀ ਵਿੱਚ ਹੈ ਨਾ। ਬੋਲੋ, ਸ਼ਿਵਬਾਬਾ ਨੂੰ ਯਾਦ ਕਰੋ ਹੋਰ ਕਿਸੀ ਨੂੰ ਯਾਦ ਨਹੀਂ ਕਰੋ। ਸ਼ਿਵਬਾਬਾ ਪਤਿਤ ਪਾਵਨ ਹਨ, ਉਹ ਕਹਿੰਦੇ ਹਨ ਮੈਨੂੰ ਯਾਦ ਕਰੋਗੇ ਤੇ ਤੁਸੀਂ ਮੈਨੂੰ ਆਕੇ ਮਿਲੋਗੇ। ਤੁਸੀਂ ਗੁਪਤ ਸਰਵਿਸ ਕਰ ਸਕਦੇ ਹੋ। ਇਹ ਲਕਸ਼ਮੀ - ਨਰਾਇਣ ਇਸ ਨਾਲੇਜ ਨਾਲ ਹੀ ਬਣੇ ਹਨ। ਕਹਿਣਗੇ ਕਿ ਸ਼ਿਵਬਾਬਾ ਨਿਰਾਕਾਰ ਹੈ, ਉਹ ਕਿਵੇਂ ਆਉਂਦੇ ਹਨ? ਅਰੇ, ਤੁਹਾਡੀ ਆਤਮਾ ਵੀ ਤਾਂ ਨਿਰਾਕਾਰ ਹੈ, ਉਹ ਕਿਵੇਂ ਆਉਂਦੀ ਹੈ? ਉਹ ਵੀ ਤਾਂ ਉਪਰੋਂ ਹੀ ਆਉਂਦੀ ਹੈ ਨਾ, ਪਾਰ੍ਟ ਵਜਾਉਣ। ਇਹ ਵੀ ਬਾਪ ਆਕੇ ਸਮਝਾਉਂਦੇ ਹਨ। ਬੈਲ ਤੇ ਤਾਂ ਆ ਨਾ ਸਕੇ। ਬੋਲੇਗਾ ਕਿਵੇਂ? ਸਧਾਰਨ ਬੁੱਢੇ ਸ਼ਰੀਰ ਵਿੱਚ ਆਉਂਦੇ ਹਨ। ਸਮਝਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਕੋਈ ਕਹਿੰਦੇ ਕਿ ਤੁਸੀਂ ਭਗਤੀ ਨਹੀਂ ਕਰਦੇ ਹੋ? ਬੋਲੋ, ਅਸੀਂ ਤਾਂ ਸਭ ਕੁਝ ਕਰਦੇ ਹਾਂ। ਯੁਕਤੀ ਨਾਲ ਚੱਲਣਾ ਹੁੰਦਾ ਹੈ। ਕਿਸੇ ਨੂੰ ਉਠਾਉਣ ਵਾਸਤੇ ਸੋਚਣਾ ਚਾਹੀਦਾ ਹੈ - ਕੀ ਯੁਕਤੀ ਰਚੀਏ ? ਕਿਸੇ ਨੂੰ ਨਰਾਜ਼ ਵੀ ਨਹੀਂ ਕਰਨਾ ਹੈ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਸਿਰਫ਼ ਪਵਿੱਤਰ ਰਹਿਣਾ ਹੈ। ਤੁਸੀਂ ਕਹਿੰਦੇ ਹੋ - ਬਾਬਾ, ਸਰਵਿਸ ਨਹੀਂ ਮਿਲਦੀ ਹੈ। ਅਰੇ, ਸਰਵਿਸ ਤਾਂ ਬਹੁਤ ਕਰ ਸਕਦੇ ਹੋ। ਗੰਗਾਂ ਜੀ ਤੇ ਜਾਕੇ ਬੈਠ ਜਾਓ। ਬੋਲੋ, ਇਸ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਕੀ qਹੋਵੇਗਾ? ਕੀ ਪਾਵਨ ਬਣ ਜਾਓਗੇ ? ਤੁਸੀਂ ਭਗਵਾਨ ਨੂੰ ਤਾਂ ਕਹਿੰਦੇ ਹੋ ਹੇ ਪਤਿਤ ਪਾਵਨ ਆਓ, ਆਕੇ ਪਾਵਨ ਬਣਾਓ। ਫੇਰ ਉਹ ਪਤਿਤ ਪਾਵਨ ਹੈ ਜਾਂ ਇਹ? ਅਜਿਹੀਆਂ ਨਦੀਆਂ ਤਾਂ ਢੇਰ ਹਨ। ਬਾਪ ਪਤਿਤ ਪਾਵਨ ਇੱਕ ਹੀ ਹੈ। ਇਹ ਪਾਣੀ ਦੀਆਂ ਨਦੀਆਂ ਤਾਂ ਸਦੈਵ ਹੈ ਹੀ। ਬਾਪ ਨੂੰ ਪਾਵਨ ਬਣਾਉਣ ਤਾਂ ਆਉਣਾ ਪੈਂਦਾ ਹੈ। ਆਉਂਦੇ ਵੀ ਹਨ ਪੁਰਸ਼ੋਤਮ ਸੰਗਮਯੁੱਗ ਤੇ। ਆਕੇ ਪਾਵਨ ਬਣਾਉਂਦੇ ਹਨ। ਉੱਥੇ ਕੋਈ ਪਤਿਤ ਹੁੰਦਾ ਨਹੀਂ। ਨਾਮ ਹੀ ਹੈ ਸ੍ਵਰਗ, ਨਵੀਂ ਦੁਨੀਆਂ। ਹਾਲੇ ਤਾਂ ਪੁਰਾਣੀ ਦੁਨੀਆਂ ਹੈ। ਇਹ ਸੰਗਮਯੁੱਗ ਦਾ ਤੁਹਾਨੂੰ ਹੀ ਪਤਾ ਹੈ ਹੋਰ ਕੋਈ ਸਮਝ ਨਾ ਸਕੇ। ਬਾਪ ਬੜੀ ਤਰ੍ਹਾਂ ਦੀਆਂ ਸਰਵਿਸ ਦੀਆਂ ਯੁਕਤੀਆ ਸਮਝਾਉਂਦੇ ਹਨ। ਬੁੱਧੂ ਵੀ ਨਾ ਬਣੋ। ਕਹਿੰਦੇ ਹਨ ਅਮਰਨਾਥ ਵਿੱਚ ਵੀ ਕਬੂਤਰ ਹੁੰਦੇ ਹਨ। ਪਿਜਨ ਪੈਗ਼ਾਮ ਪਹੁੰਚਾਉਂਦੇ ਹਨ। ਇਵੇਂ

ਨਹੀਂ ਕਿ ਪਰਮਾਤਮਾ ਦਾ ਪੈਗ਼ਾਮ ਉਪਰੋਂ ਦੀ ਕਬੂਤਰ ਲਿਆਵੇਗਾ। ਇਹ ਵੀ ਸਿਖਾਉਂਦੇ ਹਨ। ਉਹਨਾਂ ਦੇ ਪੈਰ ਤੇ ਲਿਖ ਕੇ ਬੰਨ ਦੇਵੋਗੇ ਤਾਂ ਲੈ ਜਾਣਗੇ। ਉਹਨਾਂ ਨੂੰ ਸਹਿਜ ਹੀ ਦਾਣਾ ਮਿਲਦਾ ਹੈ ਤਾਂ ਹੋਰ ਭਟਕਣ ਦੀ ਲੋੜ ਨਹੀਂ। ਤੁਹਾਨੂੰ ਵੀ ਇਥੇ ਦਾਣਾ ਮਿਲਦਾ ਹੈ। ਤੁਹਾਡੀ ਬੁੱਧੀ ਵਿੱਚ ਹੈ ਵਿਸ਼ਵ ਦੀ ਬਾਦਸ਼ਾਹੀ, ਜਿਹੜੀ ਇੱਥੋਂ ਮਿਲਦੀ ਹੈ। ਉਹ ਫੇਰ ਸਮਝਦੇ ਹਨ ਦਾਣਾ ਇੱਥੋਂ ਮਿਲਦਾ ਹੈ ਤੇ ਫੇਰ ਹਿਰ ਜਾਂਦੇ ਹਨ। ਤੁਸੀਂ ਤਾਂ ਚੈਤੰਨ ਹੋ, ਤੁਹਾਨੂੰ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਣਾ ਮਿਲਦਾ ਹੈ। ਸ਼ਾਸਤ੍ਰਾਂ ਵਿੱਚ ਵੀ ਹੈ ਚਿੜੀਆਂ ਨੇ ਸਾਗਰ ਨੂੰ ਸੁਕਾਇਆ। ਬਹੁਤ ਕਥਾਵਾਂ ਲਿਖ ਦਿੱਤੀਆਂ ਹਨ। ਮਨੁੱਖ ਕਹਿਣਗੇ ਸੱਤ? ਫੇਰ ਕਹਿੰਦੇ ਹਨ ਸਾਗਰ ਤੋਂ ਦੇਵਤਾ ਨਿਕਲੇ। ਰਤਨਾਂ ਦੀਆਂ ਥਾਲੀਆਂ ਭਰ - ਭਰ ਲੈ ਆਏ। ਕਹਿਣਗੇ ਸੱਤ। ਹੁਣ ਸਮੁੰਦਰ ਤੋਂ ਦੇਵਤਾ ਕਿਵੇਂ ਨਿਕਲਣਗੇ? ਸਮੁੰਦਰ ਵਿੱਚ ਮਨੁੱਖ ਜਾਂ ਦੇਵਤਾ ਰਹਿੰਦੇ ਹਨ ਕੀ! ਕੁਝ ਵੀ ਸਮਝਦੇ ਨਹੀਂ। ਜਨਮ - ਜਨਮਾਂਤ੍ਰ ਝੂਠ ਹੀ ਪੜ੍ਹਦੇ - ਸੁਣਦੇ ਰਹਿੰਦੇ ਹਨ ਇਸਲਈ ਕਹਿੰਦੇ ਹਨ ਝੂਠੀ ਮਾਇਆ...। ਸੱਚੇ ਅਤੇ ਝੂਠੇ ਸੰਸਾਰ ਵਿੱਚ ਕਿੰਨਾ ਰਾਤ ਦਿਨ ਦਾ ਫ਼ਰਕ ਹੈ! ਝੂਠ ਬੋਲਦੇ - ਬੋਲਦੇ ਇੰਸਾਲਵੈਂਟ ਬਣ ਜਾਂਦੇ ਹਨ। ਤੁਸੀਂ ਕਿੰਨੀ ਯੁਕਤੀ ਨਾਲ ਸਮਝਾਉਂਦੇ ਹੋ, ਫੇਰ ਵੀ ਕੋਟਾਂ ਵਿਚੋਂ ਕੋਈ ਦੀ ਹੀ ਬੁੱਧੀ ਵਿੱਚ ਬੈਠਦਾ ਹੈ। ਇਹ ਹੈ ਬਹੁਤ ਸਹਿਜ ਗਿਆਨ ਅਤੇ ਸਹਿਜ ਯੋਗ। ਬਾਪ, ਟੀਚਰ, ਸਤਿਗੁਰੂ ਨੂੰ ਯਾਦ ਕਰਨ ਨਾਲ ਉਨ੍ਹਾਂ ਦੀਆਂ ਸਿਫ਼ਤਾਂ ਵੀ ਬੁੱਧੀ ਵਿੱਚ ਆ ਜਾਣਗੀਆਂ। ਆਪਣੀ ਜਾਂਚ ਕਰਨੀ ਚਾਹੀਦੀ ਹੈ। ਅਸੀਂ ਸਾਰੇ ਬਾਬਾ ਨੂੰ ਯਾਦ ਕਰਦੇ ਹਾਂ ਜਾਂ ਹੋਰਾਂ ਵੱਲ ਬੁੱਧੀ ਜਾਂਦੀ ਹੈ? ਤੁਹਾਡੀ ਬੁੱਧੀ ਨੂੰ ਹੁਣ ਸਮਝ ਮਿਲੀ ਹੈ। ਕਿੰਨੀਆਂ ਮਿੱਠੀਆਂ - ਮਿੱਠੀਆਂ ਗੱਲਾਂ ਬਾਪ ਸਮਝਾਉਂਦੇ ਹਨ। ਯੁਕਤੀਆਂ ਦੱਸਦੇ ਹਨ। ਤੁਸੀਂ ਕਿਸੇ ਨੂੰ ਬੈਠ ਕੇ ਸਮਝਾਓਗੇ ਫੇਰ ਤੁਹਾਡੇ ਦੁਸ਼ਮਣ ਵੀ ਨਹੀਂ ਬਣਨਗੇ। ਸ਼ਿਵਬਾਬਾ ਹੀ ਤੁਹਾਡਾ ਬਾਪ, ਟੀਚਰ, ਸਤਿਗੁਰੂ ਹੈ, ਉਸਨੂੰ ਯਾਦ ਕਰੋ। ਸਮਝਾਉਣ ਦੀ ਯੁਕਤੀ ਰਚਨੀ ਚਾਹੀਦੀ ਹੈ। ਬ੍ਰਹਮਾ ਦੇ ਚਿੱਤਰ ਤੇ ਬਹੁਤ ਪਿੱਛੇ ਪੈਂਦੇ ਹਨ। ਸ਼ਿਵਬਾਬਾ ਦਾ ਚਿੱਤਰ ਵੇਖ ਕਦੀ ਉਡਾਉਣਗੇ ਨਹੀਂ। ਅਰੇ, ਇਹ ਆਤਮਾਵਾਂ ਦਾ ਬਾਪ ਹੈ ਨਾ। ਤਾਂ ਬਾਪ ਨੂੰ ਯਾਦ ਕਰੋ, ਇਸ ਵਿੱਚ ਬਹੁਤਿਆਂ ਨੂੰ ਫਾਇਦਾ ਹੋ ਸਕਦਾ ਹੈ। ਇਨ੍ਹਾਂ ਨੂੰ ਯਾਦ ਕਰਨ ਨਾਲ ਤੁਸੀਂ ਪਤਿਤ ਤੋਂ ਪਾਵਨ ਬਣ ਜਾਓਗੇ। ਉਹ ਸਭ ਦਾ ਬਾਪ ਹੈ। ਇੱਕ ਬਾਪ ਤੋਂ ਇਲਾਵਾਂ ਕੋਈ ਦੀ ਯਾਦ ਨਹੀਂ ਆਉਣੀ ਚਾਹੀਦੀ ਹੋਰ ਸੰਗ ਤੋੜ ਇੱਕ ਸੰਗ ਜੋੜਣਾ ਹੈ। ਇਹ ਹਨ ਕਿਸੇ ਦੇ ਕਲਿਆਣ ਕਰਨ ਦੀਆਂ ਯੁਕਤੀਆਂ। ਬਾਪ ਨੂੰ ਯਾਦ ਹੀ ਨਹੀਂ ਕਰ ਸਕਣਗੇ ਤਾਂ ਪਾਵਨ ਕਿਵੇਂ ਬਣਨਗੇ। ਘਰ ਵਿੱਚ ਵੀ ਤੁਸੀਂ ਬਹੁਤ ਸਰਵਿਸ ਕਰ ਸਕਦੇ ਹੋ। ਬਹੁਤ ਮਿੱਤਰ - ਸਬੰਧੀ ਆਦਿ ਤੁਹਾਨੂੰ ਮਿਲਣਗੇ। ਵੱਖ - ਵੱਖ ਯੁਕਤੀਆਂ ਰਚੋ। ਬਹੁਤਿਆਂ ਦਾ ਕਲਿਆਣ ਕਰ ਸਕਦੇ ਹੋ। ਹੱਟੀ ਤਾਂ ਇੱਕ ਹੀ ਹੈ। ਹੋਰ ਕੋਈ ਹੱਟੀ ਹੈ ਨਹੀਂ, ਤੇ ਜਾਣਗੇ ਕਿੱਥੇ? ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗ੍ਰਹਿਸਤ ਵਿਵਹਾਰ ਵਿੱਚ ਬਹੁਤ ਯੁਕਤੀ ਨਾਲ ਚਲਣਾ ਹੈ, ਕਿਸੇ ਨੂੰ ਵੀ ਨਰਾਜ਼ ਨਹੀਂ ਕਰਨਾ ਹੈ, ਪਵਿੱਤਰ ਵੀ ਜਰੂਰ ਬਣਨਾ ਹੈ।

2. ਇੱਕ ਬਾਪ ਕੋਲੋਂ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ ਲੈ ਆਪਣੀ ਬੁੱਧੀ ਰੂਪੀ ਝੋਲੀ ਭਰਪੂਰ ਰੱਖਣੀ ਹੈ, ਬੁੱਧੀ ਨੂੰ ਭਟਕਾਣਾ ਨਹੀਂ ਹੈ, ਪੈਗੰਬਰ ਬਣ ਸਭ ਨੂੰ ਬਾਪ ਦਾ ਪੈਗ਼ਾਮ ਦੇਣਾ ਹੈ।

ਵਰਦਾਨ:- ਬੇਹੱਦ ਦੀ ਵੈਰਾਗ ਵ੍ਰਿਤੀ ਦਵਾਰਾ ਸਰਵ ਲਗਾਵਾ ਤੋਂ ਮੁਕਤ ਰਹਿਣ ਵਾਲੇ ਸੱਚੇ ਰਾਜਰਿਸ਼ੀ ਭਵ

ਰਾਜਰਿਸ਼ੀ ਮਤਲਬ ਇੱਕ ਪਾਸੇ ਰਾਜ ਦੂਸਰੇ ਪਾਸੇ ਰਿਸ਼ੀ ਮਤਲਬ ਬੇਹੱਦ ਦੇ ਵੈਰਾਗੀ। ਜੇਕਰ ਕਿੱਥੇ ਵੀ ਚਾਹੇ ਆਪਣੇ ਵਿੱਚ, ਭਾਵੇਂ ਵਿਅਕਤੀ ਵਿੱਚ, ਭਾਵੇਂ ਵਸਤੂ ਵਿੱਚ ਕਿੱਥੇ ਵੀ ਲਗਾਵ ਹੈ ਤਾਂ ਰਾਜਰਿਸ਼ੀ ਨਹੀਂ। ਜਿਸਦਾ ਸੰਕਲਪ ਮਾਤਰ ਵੀ ਥੋੜਾ ਲਗਾਵ ਹੈ ਉਸਦੇ ਦੋ ਬੇੜੀਆਂ ਵਿੱਚ ਪੈਰ ਹੋਏ, ਫਿਰ ਨਾ ਇੱਥੇ ਦੇ ਰਹਿਣਗੇ ਨਾ ਉਥੋਂ ਦੇ। ਇਸਲਈ ਰਾਜਰਿਸ਼ੀ ਬਣੋ, ਬੇਹੱਦ ਦੇ ਵੈਰਾਗੀ ਬਣੋ ਮਤਲਬ ਇੱਕ ਬਾਪ ਦੂਸਰਾ ਨਾ ਕੋਈ - ਇਹ ਪਾਠ ਪੱਕਾ ਕਰੋ।

ਸਲੋਗਨ:- ਕਰੋਧ ਅਗਨੀ ਰੂਪ ਹੈ ਜੋ ਖੁਦ ਨੂੰ ਵੀ ਸਾੜਦਾ ਹੈ ਅਤੇ ਦੂਸਰੇ ਨੂੰ ਵੀ ਸਾੜ ਦਿੰਦਾ ਹੈ।

******